Transport for NSW

# ਸੜਕ ਸੁਰੱਖਿਆ

## ਬੱਸਾਂ ਦੇ ਨੇੜੇ ਆਪਣੇ ਬੱਚੇ ਦੀ ਮੱਦਦ ਕਰਨਾ

ਬੱਸ ਤੋਂ ਉਤਰਨ ਤੋਂ ਬਾਅਦ ਵਾਲੇ ਕੁੱਝ ਮਿੰਟਾਂ ਵਿੱਚ ਤੁਹਾਡੇ ਬੱਚੇ ਨੂੰ ਸਭ ਤੋਂ ਵੱਧ ਖ਼ਤਰਾ ਹੁੰਦਾ ਹੈ। ਇੱਥੇ ਕੁੱਝ ਤਰੀਕੇ ਹਨ ਜਿਨ੍ਹਾਂ ਨਾਲ ਤੁਸੀਂ ਇਸ ਖ਼ਤਰੇ ਨੂੰ ਘਟਾ ਸਕਦੇ ਹੋ:

- ਬੱਸ ਸਟਾਪ ‘ਤੇ ਉਡੀਕ ਕਰੋ ਅਤੇ ਸੜਕ ਦੇ ਕਿਨਾਰੇ ਤੋਂ ਘੱਟੋ-ਘੱਟ ਇੱਕ ਕਦਮ ਪਿੱਛੇ ਖੜ੍ਹੇ ਹੋਵੋ।
- ਆਪਣੇ ਬੱਚੇ ਨੂੰ ਹਮੇਸ਼ਾ ਬੱਸ ਸਟਾਪ ‘ਤੇ ਮਿਲੋ। ਕਦੇ ਵੀ ਉਹਨਾਂ ਨੂੰ ਸੜਕ ਦੇ ਉਲਟੇ ਪਾਸੇ ਤੋਂ ਨਾ ਮਿਲੋ ਅਤੇ ਨਾ ਹੀ ਸੜਕ ਪਾਰ ਤੋਂ ਉਹਨਾਂ ਨੂੰ ਬੁਲਾਓ।
- ਜੇਕਰ ਤੁਸੀਂ ਆਪਣੇ ਬੱਚੇ ਨੂੰ ਨਹੀਂ ਮਿਲ ਸਕਦੇ, ਤਾਂ ਤੁਹਾਡੀ ਜਗ੍ਹਾ ‘ਤੇ ਕਿਸੇ ਹੋਰ ਭਰੋਸੇਮੰਦ ਬਾਲਗ਼ ਦਾ ਪ੍ਰਬੰਧ ਕਰੋ।
- ਬੱਸ ਦੇ ਚਲੇ ਜਾਣ ਤੱਕ ਉਡੀਕ ਕਰੋ, ਫਿਰ ਸੜਕ ਪਾਰ ਕਰਨ ਲਈ ਕੋਈ ਸੁਰੱਖਿਅਤ ਥਾਂ ਚੁਣੋ। ਆਪਣੇ ਬੱਚੇ ਦਾ ਹੱਥ ਫੜਨਾ ਅਤੇ **ਰੁਕੋ! ਦੇਖੋ! ਸੁਣੋ! ਸੋਚੋ!** ਕਰਨਾ ਯਾਦ ਰੱਖੋ।
- ਯਾਦ ਰੱਖੋ ਕਿ ਜਦੋਂ ਤੱਕ ਤੁਹਾਡਾ ਬੱਚਾ ਘੱਟੋ-ਘੱਟ 8 ਸਾਲ ਦਾ ਨਾ ਹੋ ਜਾਵੇ, ਫੁੱਟਪਾਥ ‘ਤੇ ਅਤੇ ਸੜਕ ਪਾਰ ਕਰਦੇ ਸਮੇਂ ਉਸਦਾ ਹੱਥ ਫੜ੍ਹੋ। ਫਿਰ, ਜਦੋਂ ਤੱਕ ਉਹ ਘੱਟੋ-ਘੱਟ 10 ਸਾਲ ਦਾ ਨਾ ਹੋ ਜਾਵੇ, ਆਪਣੇ ਬੱਚੇ ਦੀ ਬਹੁਤ ਕਰੀਬ ਤੋਂ ਨਿਗਰਾਨੀ ਕਰੋ ਅਤੇ ਸੜਕ ਪਾਰ ਕਰਦੇ ਸਮੇਂ ਉਸ ਦਾ ਹੱਥ ਫੜ੍ਹੋ।

**ਬੱਚੇ ਤੁਹਾਡੇ ਤੋਂ ਸੜਕ ‘ਤੇ ਸੁਰੱਖਿਅਤ ਰਹਿਣ ਦੀਆਂ ਆਦਤਾਂ ਸਿੱਖਦੇ ਹਨ ਅਤੇ ਇਨ੍ਹਾਂ ਨੂੰ ਉਦੋਂ ਵੀ ਜਾਰੀ ਰੱਖਦੇ ਹਨ ਜਦੋਂ ਉਹ ਇਕੱਲੇ ਸਫ਼ਰ ਕਰਨ ਦੀ ਉਮਰ ਦੇ ਹੋ ਜਾਂਦੇ ਹਨ।**






**ਮੁੱਖ ਸੜਕ ਸੁਰੱਖਿਆ ਸੁਨੇਹੇ ਜੋ ਤੁਸੀਂ ਆਪਣੇ ਕਿੰਡਰਗਾਰਟਨ ਤੋਂ ਲੈ ਕੇ ਦੂਜੀ ਜਮਾਤ ਤੱਕ ਦੇ ਬੱਚੇ ਨਾਲ ਸਾਂਝੇ ਕਰ ਸਕਦੇ ਹੋ:**

ਕਿਸੇ ਵੱਡੇ ਵਿਅਕਤੀ ਦਾ ਹੱਥ ਫੜ੍ਹੋ, ਜਦੋਂ:

- ਤੁਸੀਂ ਸੜਕ ਪਾਰ ਕਰਦੇ ਹੋ
- ਤੁਸੀਂ ਫੁੱਟਪਾਥ ‘ਤੇ ਹੁੰਦੇ ਹੋ
- ਤੁਸੀਂ ਕਾਰ ਪਾਰਕ ਵਿੱਚ ਹੁੰਦੇ ਹੋ

**ਮੁੱਖ ਸੜਕ ਸੁਰੱਖਿਆ ਸੁਨੇਹੇ ਜੋ ਤੁਸੀਂ ਆਪਣੇ ਤੀਜੀ ਤੋਂ ਲੈ ਕੇ ਚੌਥੀ ਜਮਾਤ ਤੱਕ ਦੇ ਬੱਚੇ ਨਾਲ ਸਾਂਝੇ ਕਰ ਸਕਦੇ ਹੋ:**

- (ਜਦੋਂ ਤਕ ਤੁਸੀਂ ਘੱਟੋ-ਘੱਟ 10 ਸਾਲ ਦੇ ਨਹੀਂ ਹੁੰਦੇ), ਸੜਕ ਪਾਰ ਕਰਦੇ ਸਮੇਂ ਕਿਸੇ ਬਾਲਗ਼ ਦਾ ਹੱਥ ਫੜ੍ਹੋ।
- ਸੜਕ ਪਾਰ ਕਰਨ ਲਈ ਸੁਰੱਖਿਅਤ ਥਾਂ ਦੀ ਵਰਤੋਂ ਕਰੋ।

**ਮੁੱਖ ਸੜਕ ਸੁਰੱਖਿਆ ਸੁਨੇਹੇ ਜੋ ਤੁਸੀਂ ਆਪਣੇ 5ਵੀਂ ਅਤੇ 6ਵੀਂ ਜਮਾਤ ਤੱਕ ਦੇ ਬੱਚੇ ਨਾਲ ਸਾਂਝੇ ਕਰ ਸਕਦੇ ਹੋ:**

- **ਰੁਕੋ! ਦੇਖੋ! ਸੁਣੋ!** ਸੋਚੋ! ਹਰੇਕ ਵਾਰ ਜਦੋਂ ਤੁਸੀਂ ਸੜਕ ਪਾਰ ਕਰਦੇ ਹੋ ਅਤੇ ਸੁਰੱਖਿਅਤ ਤਰੀਕੇ ਨਾਲ ਪਾਰ ਹੋਣ ਤੱਕ ਦੇਖਦੇ ਰਹੋ।

**ਮੁੱਖ ਸੜਕ ਸੁਰੱਖਿਆ ਸੁਨੇਹੇ ਜੋ ਤੁਸੀਂ ਆਪਣੇ ਕਿੰਡਰਗਾਰਟਨ ਤੋਂ ਲੈ ਕੇ 6ਵੀਂ ਜਮਾਤ ਤੱਕ ਦੇ ਬੱਚੇ ਨਾਲ ਸਾਂਝੇ ਕਰ ਸਕਦੇ ਹੋ:**

- ਬੱਸ ਦੇ ਚੱਲਣ ਤੱਕ ਉਡੀਕ ਕਰੋ ਅਤੇ ਫਿਰ ਸੜਕ ਪਾਰ ਕਰਨ ਲਈ ਕਿਸੇ ਸੁਰੱਖਿਅਤ ਥਾਂ ਦੀ ਵਰਤੋਂ ਕਰੋ

ਬੱਚਿਆਂ ਨੂੰ ਸੜਕ ਦੇ ਮਾਹੌਲ ਵਿੱਚ ਸੁਰੱਖਿਅਤ ਰੱਖਣ ਬਾਰੇ ਵਧੇਰੇ ਜਾਣਕਾਰੀ ਲਈ, **safetytown.com.au** ‘ਤੇ ਪਰਿਵਾਰ ਸੈਕਸ਼ਨ ‘ਤੇ ਜਾਓ।

ਸਟਾਕ ਕੋਡ 45095299 ਜੂਨ 2024 © Transport for NSW

NSW GOVERNMENT

NSW ਦੀਆਂ ਸੜਕਾਂ ‘ਤੇ ਬਹੁਤ ਸਾਰੀਆਂ ਜਾਨਾਂ ਗਈਆਂ ਹਨ।
**ਸਾਡਾ ਟੀਚਾ ਜ਼ੀਰੋ ਹੈ।**

TOWARDS ZERO